ਦਫਤਰਡਾਇਰੈਕਟਰਸਿੱਖਿਆਵਿਭਾਗ (ਸੈ:ਸਿ:) ਪੰਜਾਬ
ਕੰਪਲੈਕਸ ਪੰਜਾਬ ਸਕੂਲ ਸਿੱਖਿਆਬੋਰਡ, ਫੇਜ਼-8, ਐਸ.ਏ.ਐਸ. ਨਗਰ
(ਅਮਲਾ-1 ਸ਼ਾਖਾ)

ਵੱਲ.

ਅਤਿ ਜ਼ਰੂਰੀ
ਮਿਤੀਬੱਧ

1. ਮੰਡਲ ਸਿੱਖਿਆ ਅਫਸਰ,
ਨਾਭਾ, ਜਲੰਧਰ ਅਤੇ ਫਰੀਦਕੋਟ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਪੰਜਾਬ।

ਮੀਮੋ ਨੰ: 11/67-2016ਅ-1(3-8)
ਮਿਤੀ, ਸਅਸ ਨਗਰ:

ਵਿਸ਼ਾ:- ਪੰਜਾਬ ਰਾਜ ਤੋਂ ਬਾਹਰ ਸਥਿਤ ਯੂਨੀਵਰਸਿਟੀਆਂ ਤੋਂ ਮਾਸਟਰ ਡਿਗਰੀਆਂ ਪ੍ਰਾਪਤ ਕਰਨ ਵਾਲੇ ਮਾਸਟਰਾਂ/ ਮਿਸਟ੍ਰੈਸਾਂ ਦੇ ਲੈਕਚਰਾਰ ਦੀ ਤਰੱਕੀ ਲਈ ਕੇਸ ਭੇਜਣ ਸਬੰਧੀ।

ਉਪਰੋਕਤਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਹੜੇ ਮਾਸਟਰ/ ਮਿਸਟ੍ਰੈਸ ਮਿਤੀ 03.07.2016 ਦੀਆਂ ਤਰੱਕੀਆਂ ਦੌਰਾਨ ਸੀਨੀਅਰ ਹੋਣ ਦੇ ਬਾਵਜੂਦ ਬਤੌਰ ਲੈਕਚਰਾਰ ਪਦ-ਉੱਨਤ ਇਸ ਲਈ ਨਹੀਂ ਕੀਤੇ ਗਏ ਸਨ ਕਿਉਂਕਿ ਉਹਨਾਂ ਦੀਆਂ ਯੋਗਤਾਵਾਂ ਡਿਸਟਾਂਸ ਮੋਡ ਰਾਹੀਂ ਪੰਜਾਬ ਰਾਜ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਉਹਨਾਂ ਦੀ State Jurisdiction ਤੋਂ ਬਾਹਰ ਰਹਿ ਕੇ ਪ੍ਰਾਪਤ ਕੀਤੀਆਂ ਸਨ, ਅਜਿਹੇ ਕਰਮਚਾਰੀਆਂ ਸਬੰਧੀ ਹੁਣ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 13563 ਆਫ 2016- ਬਲਦੇਵ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਸਬੰਧਤ ਰਿੱਟ ਪਟੀਸ਼ਨਾਂ ਵਿੱਚ ਆਪਣੇ ਅੰਤਰਿਮ ਹੁਕਮ ਮਿਤੀ 30.11.2016 ਰਾਹੀਂ ਇਹ ਹੁਕਮ ਕੀਤੇ ਹਨ ਕਿ ਅਜਿਹੇ ਕਰਮਚਾਰੀਆਂ ਵਿੱਚੋਂ ਉਹਨਾਂ ਕਰਮਚਾਰੀਆਂ ਨੂੰ provisionally ਬਤੌਰ ਲੈਕਚਰਾਰ ਪਦ-ਉੱਨਤ ਕਰ ਦਿੱਤਾ ਜਾਵੇ ਜਿਹਨਾਂ ਨੇ ਆਪਣੀ Post Graduation ਦੀ ਪ੍ਰੀਖਿਆ ਡਿਸਟਾਂਸ ਮੋਡ ਰਾਹੀਂ ਸਬੰਧਤ ਯੂਨੀਵਰਸਿਟੀ ਦੀ State Jurisdiction ਤੋਂ ਬਾਹਰ ਮਿਤੀ 27.06.2013 ਤੋਂ ਪਹਿਲਾਂ ਦੇ ਦਿੱਤੀ ਹੈ। ਅਜਿਹੇ ਕਰਮਚਾਰੀਆਂ ਦੀ ਪਦ-ਉੱਨਤੀ ਦੇ ਮੁਕੰਮਲ ਕੇਸ ਮਿਤੀ **20.12.2016 ਸਵੇਰੇ 11:00 ਵਜੇ ਤੱਕ ਸ.ਮਾ.ਸ.ਸ.ਸੀ ਫੇਜ਼ 3ਬੀ1 ਦੇ ਕਮਰਾਨੰ: 202, ਦੂਜੀ ਮੰਜਿਲ** ਵਿਖੇ ਪੁੱਜਦੇ ਕਰਨੇ ਯਕੀਨੀ ਬਣਾਏ ਜਾਣ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕੇਵਲ ਉਹਨਾਂ ਕਰਮਚਾਰੀਆਂ ਦੇ ਕੇਸ ਹੀ ਇਸ ਦਫਤਰ ਨੂੰ ਭੇਜੇ ਜਾਣ ਜਿਹਨਾਂ ਦੀ ਸੀਨੀਆਰਤਾ ਦੇ ਆਧਾਰ ਤੇ ਮਿਤੀ 03.07.2016 ਤੋਂ ਪਦ-ਉਨਤੀ ਬਣਦੀ ਹੈ, ਭਾਵ 03.07.2016 ਦੀਆਂ ਪਦ-ਉਨਤੀਆਂ ਦੌਰਾਨ ਉਹਨਾਂ ਤੋਂ ਜੂਨੀਅਰ ਕਰਮਚਾਰੀ ਪਦ-ਉੱਨਤ ਹੋ ਗਿਆ ਹੈ। ਇਸ ਤੋਂ ਇਲਾਵਾ ਇਹ ਵੀ ਚੈਕ ਕਰ ਲਿਆ ਜਾਵੇ ਕਿ ਜਿਸ ਕਰਮਚਾਰੀ ਦਾ ਕੇਸ ਭੇਜਿਆ ਜਾ ਰਿਹਾ ਹੈ, ਉਸ ਵੱਲੋਂ Post Graduation ਦੀਆਂ ਸਾਰੀਆਂ ਪ੍ਰੀਖਿਆਵਾਂ ਮਿਤੀ 27.06.2013 ਤੋਂ ਪਹਿਲਾਂ ਦੇ ਦਿੱਤੀਆਂ ਗਈਆਂ ਹੋਣ ਭਾਵੇਂ result ਬਾਅਦ ਵਿੱਚ ਆਇਆ ਹੋਵੇ। ਹਰ ਕੇਸ ਵਿੱਚ ਕਰਮਚਾਰੀ ਦੀ ਵਿਦਿਅਕ ਯੋਗਤਾਵਾਂ ਦੀਆਂ ਸਾਰੀਆਂ ਡੀ.ਐਮ.ਸੀ. (ਸਮੇਤ ਡਿਗਰੀ) ਨਾਲ ਭੇਜੀਆਂ ਜਾਣ।

ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਉਕਤ ਕਰਮਚਾਰੀਆਂ ਦੀ ਪਦ-ਉੱਨਤੀ ਸਬੰਧੀ ਅਜੰਡਾ ਮਾਨਯੋਗ ਵਧੀਕ ਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ ਜੀ ਨੂੰ ਕੱਲ੍ਹ ਮਿਤੀ 20.12.2016 ਨੂੰ ਸ਼ਾਮ 05:00 ਵਜੇ ਤੱਕ ਪੇਸ਼ ਕੀਤਾ ਜਾਣਾ ਹੈ। ਇਸ ਲਈ ਇਸ ਨੂੰ ਪਰਮ ਅਗੇਤ ਦਿੱਤੀਜਾਵੇ।

ਸਹੀ/--
ਸੁਪਰਡੰਟ ਅਮਲਾ-1

ਪਿੱਠ ਅੰਕਣ ਨੰ: ਅ-8/2016-12588 ਮਿਤੀ 19/12/16